# ਖਾਲਸਾ ਕਾਲਜ ਨੇ ਵਿਦਿਆਰਥਣਾਂ ਲਈ ਆਯੋਜਿਤ ਕੀਤੀ 7 ਰੋਜ਼ਾ ਸਕਿੱਲ ਟ੍ਰੇਨਿੰਗ



ਸ੍ਰੀ ਅਨੰਦਪੁਰ ਸਾਹਿਬ 12 ਜਨਵਰੀ (ਜੋਗਿੰਦਰ ਰਾਣਾ ) - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਖੁਦਮੁਖਤਿਆਰ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦੇ ਟ੍ਰੇਨਿੰਗ ਐਂਡ ਪਲੇਸਮੇਂਟ ਸੈੱਲ ਵੱਲੋਂ 7 ਰੋਜ਼ਾ ਰੋਜ਼ਗਾਰ ਅਤੇ ਸੋਫ਼ਟ ਸਕਿੱਲਜ਼ ਟ੍ਰੇਨਿੰਗ ਦਾ ਆਯੋਜਨ ਕੀਤਾ ਗਿਆ ਹੈ ਇਹ ਟ੍ਰੇਨਿੰਗ ਪ੍ਰੋਗਰਾਮ ਕੇਵਲ ਵਿਦਿਆਰਥਣਾਂ ਲਈ ਹੈ ਤਾਂ ਜੋ ਲੜਕੀਆਂ ਨੂੰ ਰੋਜ਼ਗਾਰ ਦੇ ਵਧੇਰੇ ਮੌਕੇ ਪ੍ਰਦਾਨ ਕੀਤੇ ਜਾ ਸਕਣ।ਇਸ ਟ੍ਰੇਨਿੰਗ ਪ੍ਰੋਗਰਾਮ ਵਿੱਚ ਕਾਲਜ ਦੀਆਂ ਫ਼ਾਈਨਲ ਸਾਲ ਦੀਆਂ 60 ਵਿਦਿਆਰਥਣਾਂ ਹਿੱਸਾ ਲੈ ਰਹੀਆਂ ਹਨ। ਇਸ ਸੰਬੰਧੀ ਕਾਲਜ ਪ੍ਰਿੰਸੀਪਲ ਡਾ.ਜਸਵੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ 7 ਰੋਜ਼ਾ ਰੋਜ਼ਗਾਰ ਟ੍ਰੇਨਿੰਗ ਕਾਲਜ ਦੇ ਟ੍ਰੇਨਿੰਗ ਐਂਡ ਪਲੇਸਮੇਂਟ ਸੈੱਲ ਦੇ ਡੀਨ ਪ੍ਰੋ.ਪ੍ਰਭਜੀਤ ਸਿੰਘ ਦੀ ਅਗਵਾਈ ਅਧੀਨ ਆਯੋਜਿਤ ਕੀਤੀ ਗਈ ਹੈ ਜਿਸਦਾ ਮੁੱਖ ਮੰਤਵ ਵਿਦਿਆਰਥਣਾਂ ਵਿੱਚ ਰੋਜ਼ਗਾਰ ਦੇ ਹੁਨਰ ਨੂੰ ਪੈਦਾ ਕਰਨਾ ਹੈ ਤਾਂ ਜੋ ਉਹ ਭਵਿੱਖ ਵਿੱਚ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰਕੇ ਚੰਗਾ ਰੋਜ਼ਗਾਰ ਪ੍ਰਾਪਤ ਕਰਨ ਦੇ ਕਾਬਿਲ ਬਣ ਸਕਣ। ਇਸ ਸੰਬੰਧੀ ਪ੍ਰੋ.ਪ੍ਰਭਜੀਤ ਸਿੰਘ (ਡੀਨ, ਟ੍ਰੇਨਿੰਗ ਐਂਡ ਪਲੇਸਮੇਂਟ ਸੈੱਲ) ਨੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ 7 ਰੋਜ਼ਾ ਟ੍ਰੇਨਿੰਗ 'ਮਹਿੰਦਰਾ ਪ੍ਰਾਈਡ ਕਲਾਸਰੂਮ ਪ੍ਰੋਗਰਾਮ' (ਐਮ.ਪੀ.ਸੀ) ਦੇ ਤਹਿਤ ਕਰਵਾਈ ਜਾ ਰਹੀ ਹੈ। ਉਨ੍ਹਾਂ ਟ੍ਰੇਨਿੰਗ ਦੇ ਉਦੇਸ਼ਾ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਐਮ.ਪੀ.ਸੀ ਦੁਆਰਾ ਵਿਦਿਆਰਥੀਆਂ ਵਿੱਚ ਰੋਜ਼ਗਾਰ ਦੀ ਯੋਗਤਾ ਨੂੰ ਵਧਾਉਣ ਅਤੇ ਸੁਧਾਰ ਕਰਨ ਸੰਬੰਧੀ ਸਿਖਲਾਈ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਟ੍ਰੇਨਿੰਗ ਦਾ ਮੁੱਖ ਮੰਤਵ ਕਾਲਜ ਦੀਆਂ ਵਿਦਿਆਰਥਣਾਂ ਵਿੱਚ ਆਪਣੀ ਪਛਾਣ ਤੇ ਹੁਨਰ ਨੂੰ ਵਿਕਸਿਤ ਕਰਕੇ, ਨਿੱਜੀ ਤੇ ਪੇਸ਼ੇਵਾਰ ਪ੍ਰਭਾਵ ਨੂੰ ਬਿਹਤਰ ਬਣਾਉਣਾ, ਆਪਣੇ ਸਵੈਮਾਣ ਵਿੱਚ ਸੁਧਾਰ ਕਰਕੇ ਰਾਹ ਵਿੱਚ ਆਉਣ ਵਾਲੀਆਂ ਅੜਚਣਾ ਨੂੰ ਦੂਰ ਕਰਕੇ ਰੋਜ਼ਗਾਰ ਪ੍ਰਾਪਤ ਕਰਨ ਦੇ ਮੌਕਿਆਂ ਨੂੰ ਵਧਾਉਣਾ ਹੈ। ਇਸ ਪ੍ਰੋਗਰਾਮ ਤੋਂ ਗਿਆਨ ਪ੍ਰਾਪਤ ਕਰਕੇ ਵਿਦਿਆਰਥੀ ਇੰਟਰਵਿਊ ਦੇ ਸਵਾਲਾਂ ਦੀ ਤਿਆਰੀ, ਸਮਾਂ ਪ੍ਰਬੰਧਨ ਤੇ ਆਪਣੀ ਸਥਾਨਕ ਭਾਸ਼ਾ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਵੀ ਭਰੋਸੇ ਨਾਲ ਬੋਲਣ ਤੇ ਪੂਰੇ ਆਤਮਵਿਸ਼ਵਾਸ ਨਾਲ ਆਪਣੇ ਆਪ ਨੂੰ ਹੋਰਾਂ ਸਾਹਮਣੇ ਪ੍ਰਗਟ ਕਰਨ ਦੇ ਯੋਗ ਬਣਨਗੇ ਉਨ੍ਹਾਂ ਦੱਸਿਆ ਕਿ ਇਹ ਟ੍ਰੇਨਿੰਗ ਮੈਡਮ ਹਰਿਤਾ ਮਹਿਤਾ ਦੁਆਰਾ ਦਿੱਤੀ ਜਾ ਰਹੀ ਹੈ ਜਿਸ ਵਿੱਚ ਵਿਦਿਆਰਥਣਾਂ ਨੂੰ ਸੰਚਾਰ ਕਰਨ ਦੇ ਹੁਨਰ, ਸਮਾਜਿਕ ਵਿਹਾਰ, ਟੀਮ ਵਰਕ, ਭਾਸ਼ਾ ਤੇ ਪਕੜ, ਪੇਸ਼ਕਾਰੀ ਦੇ ਹੁਨਰ, ਸਪੱਸ਼ਟ ਤੌਰ 'ਤੇ ਬੋਲਣ, ਕਰੀਅਰ ਸੰਬੰਧੀ ਅਗਵਾਈ, ਇੰਟਰਵਿਊ ਦੇ ਹੁਨਰਾਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ। ਪ੍ਰੋ.ਪ੍ਰਭਜੀਤ ਸਿੰਘ ਨੇ ਆਸ ਪ੍ਰਗਟ ਕੀਤੀ ਕਿ ਵਿਦਿਆਰਥਣਾਂ ਇਸ 7 ਰੋਜ਼ਾ ਟ੍ਰੇਨਿੰਗ ਦੌਰਾਨ ਯਕੀਨਨ ਕੁਝ ਨਵਾਂ ਸਿਖਣਗੀਆਂ ਜੋ ਭਵਿੱਖ ਵਿੱਚ ਰੋਜ਼ਗਾਰ ਲੈਣ ਸਮੇਂ ਉਨ੍ਹਾਂ ਲਈ ਸਹਾਇਕ ਸਿੱਧ ਹੋਵੇਗਾ।ਇਸ ਮੌਕੇ ਉਨ੍ਹਾਂ ਡਾ.ਪਰਮਪ੍ਰੀਤ ਸਿੰਘ ਅਤੇ ਪ੍ਰੋ.ਤਰਨਦੀਪ ਕੌਰ ਦੀ ਇਸ ਪ੍ਰੋਗਰਾਮ ਵਿੱਚ ਆਪਣਾ ਭਰਪੂਰ ਸਹਿਯੋਗ ਪਾਉਣ ਲਈ ਸ਼ਲਾਘਾ ਕੀਤੀ।

ਦੇਸ਼ ਪ੍ਰਦੇਸ਼ ਟਾਈਮਜ਼
www.deshpardeshtimes.com